WHOLESALE RATES FOR MOST AIRLINES
InterSky
BEST OF MONTREAL TRAVEL
Visa for India, Nepal, Dubai Europe Travel insurance, hotels or tour packages for Europe, India, Maxico, Cuba .....
514-947-1947
514-389-7070

TO ADVERTISE PLEASE CALL
416-899-2548

World's Largest Punjabi Weekly

ਅਜੀਤ

12 to 18 Feb. 2026

USA/ONTARIO/QUEBEC Division of 6178235 Canada Inc.

AJIT WEEKLY

Corporate Office: 7015-Tranmere Dr. Unit # 1 & 2 Mississauga, On. L5S 1T7 Canada

NANAKflights
TICO #50020679
ਸਸਤੀਆਂ ਹਵਾਈ ਟਿਕਟਾਂ
ਫ਼ਰੀ ਬੁਕਿੰਗ ਹੋਲਡ
ਮੁਫ਼ਤ 5-Star Hotel with Shuttle Service and Meal Coupon when flying with a participating airline.
24/7 SERVICE
BOOK FLIGHTS
905-456-9977
7990 Kennedy Rd S. Unit 201, Brampton

MANN Travels & Tours
ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲਈ ਮਾਨ ਟਰੈਵਲ ਨੂੰ ਕਾਲ ਕਰੋ
IATA TICO No. 4671541
AMARJEET S. MANN PRESIDENT
Cottrelle : 905-595-1700
Springdale : 905-497-6300
Brampton : 905-595-2000
Hamiton : 905-930-7700
Markham : 416-603-1800
H.O: 499 Raylawson Blvd. # 32, Brampton

The Ajit Weekly and people associated with it are not responsible for any claims made by the advertisers and don't endorse any product or services advertised in the Ajit Weekly. Please consult your lawyer before buying/hiring/contracting through the ads published in the newspaper. The Ajit Weekly is in the business of selling space and claims made by the advertisers are not tested/confirmed by an independent source.

VOL. 33 | No. 1688 | ajitweekly.com | darshantv.ca | fb.com/ajitweeklycanada | youtube.com/@ajitweeklycanada | info@ajitweekly.com | 1-905-671-4761, 416-899-2548 | Price: $1.00

ਲੋਕ ਸਭਾ 'ਚ ਸੰਸਦ ਮੈਂਬਰਾਂ ਦੀ ਵਰਚੁਅਲ ਪੇਸ਼ੀ ਨਹੀਂ ਸੰਭਵ

ਚੰਡੀਗੜ੍ਹ: ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਖੜੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਪਟੀਸ਼ਨ 'ਤੇ ਸੁਣਵਾਈ ਹੋਈ। ਅਦਾਲਤ ਨੂੰ ਸੂਚਿਤ ਕੀਤਾ ਗਿਆ ਕਿ ਲੋਕ ਸਭਾ ਦੇ ਨਿਯਮ ਕਿਸੇ ਸੰਸਦ ਮੈਂਬਰ ਨੂੰ ਵਰਚੁਅਲ ਢੰਗ ਰਾਹੀਂ ਸੈਸ਼ਨ 'ਚ ਸ਼ਾਮਿਲ ਹੋਣ ਦੀ ਇਜਾਜ਼ਤ ਨਹੀਂ ਦਿੰਦੇ। ਇਸ ਬਾਰੇ ਬੈਂਚ ਨੇ ਸਪੱਸ਼ਟ ਕੀਤਾ ਕਿ ਉਹ ਇਸ ਮਾਮਲੇ 'ਚ ਕੋਈ ਅੰਤ੍ਰਿਮ ਰਾਹਤ ਨਹੀਂ ਦੇ ਸਕਦਾ ਕਿਉਂਕਿ ਇਹ ਅਸਲ 'ਚ ਪਟੀਸ਼ਨ ਦਾ ਖ਼ੁਦ ਫ਼ੈਸਲਾ ਕਰਨ ਦੇ ਬਰਾਬਰ ਹੋਵੇਗਾ। ਅੰਮ੍ਰਿਤਪਾਲ ਸਿੰਘ ਨੇ ਆਪਣੀ ਨਵੀਂ ਪਟੀਸ਼ਨ 'ਚ ਪੰਜਾਬ ਸਰਕਾਰ ਦੇ ਉਸ ਹੁਕਮ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ ਜਿਸ ਰਾਹੀਂ ਸੰਸਦ ਦੇ ਚੱਲ ਰਹੇ ਬਜਟ ਸੈਸ਼ਨ 'ਚ ਸ਼ਾਮਿਲ ਹੋਣ ਲਈ ਉਸ ਦੀ ਅਸਥਾਈ ਰਿਹਾਈ ਜਾਂ ਪੈਰੋਲ ਦੀ ਬੇਨਤੀ ਨੂੰ ਰੱਦ ਕਰ ਦਿੱਤਾ ਗਿਆ ਸੀ। ਲੋਕ ਸਭਾ ਸਪੀਕਰ ਵਲੋਂ ਪੇਸ਼ ਹੋਏ ਭਾਰਤ ਦੇ ਐਡੀਸ਼ਨਲ ਸੌਲੀਸਿਟਰ ਜਨਰਲ ਸਤਿਆ ਪਾਲ ਜੈਨ ਨੇ ਚੀਫ਼ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਵਾਲੇ ਡਿਵਿਯਨ ਬੈਂਚ ਨੂੰ ਦੱਸਿਆ ਕਿ ਲੋਕ ਸਭਾ ਦੀ ਕਾਰਵਾਈ ਅਤੇ ਕੰਮਕਾਜ ਦੇ ਨਿਯਮਾਂ 'ਚ ਅਜਿਹੀ ਕੋਈ ਵਿਵਸਥਾ ਨਹੀਂ ਜੋ ਕਿਸੇ ਮੈਂਬਰ ਨੂੰ ਵਰਚੁਅਲ ਢੰਗ ਨਾਲ ਪੇਸ਼ ਹੋਣ ਜਾਂ ਹਿੱਸਾ ਲੈਣ ਦੀ ਇਜਾਜ਼ਤ ਦਿੰਦੀ ਹੋਵੇ।

ਉਨ੍ਹਾਂ ਅੱਗੇ ਕਿਹਾ ਕਿ ਸੰਵਿਧਾਨਕ ਲੋੜਾਂ, ਜਿਸ 'ਚ ਦਲ-ਬਦਲੀ ਵਿਰੋਧੀ ਕਾਨੂੰਨ ਅਧੀਨ ਸ਼ਾਮਿਲ ਲੋੜਾਂ ਵੀ ਹਨ, ਸਦਨ ਦੇ ਅੰਦਰ ਸ਼ਰੀਰਕ ਤੌਰ 'ਤੇ ਮੌਜੂਦਗੀ ਅਤੇ ਵੋਟਿੰਗ ਦੀ ਮੰਗ ਕਰਦੀਆਂ ਹਨ ਜਿਸ ਲਈ ਕੁੱਝ ਫ਼ੈਸਲਿਆਂ ਲਈ ਮੌਜੂਦ ਮੈਂਬਰਾਂ ਦੇ ਦੋ-ਤਿਹਾਈ ਬਹੁਮਤ ਅਤੇ ਵੋਟਿੰਗ ਦੀ ਲੋੜ ਹੁੰਦੀ ਹੈ।

ਇਹ ਸਪੱਸ਼ਟੀਕਰਣ ਬੈਂਚ ਵਲੋਂ ਇਹ ਪੁੱਛੇ ਜਾਣ ਤੋਂ ਬਾਅਦ ਦਿੱਤਾ ਗਿਆ ਸੀ ਕਿ ਕੀ ਕੋਈ ਅਜਿਹਾ ਨਿਯਮ ਹੈ ਜੋ ਹਿਰਾਸਤ 'ਚ ਲਏ ਗਏ ਸੰਸਦ ਮੈਂਬਰ ਨੂੰ ਵਰਚੁਅਲ ਤੌਰ 'ਤੇ ਹਿੱਸਾ ਲੈਣ ਦੇ ਯੋਗ ਬਣਾਉਂਦਾ ਹੋਵੇ, ਖ਼ਾਸ ਕਰ ਕੇ ਜਦੋਂ ਜੇਲ੍ਹਾਂ ਅਦਾਲਤੀ ਕਾਰਵਾਈਆਂ ਲਈ ਵੀਡੀਓ-ਕਾਨਫ਼ਰੰਸਿੰਗ ਸਹੂਲਤਾਂ ਨਾਲ ਲੈਸ ਹਨ। ਬੈਂਚ ਨੇ ਸ਼ੁਰੂਆਤ 'ਚ ਪਟੀਸ਼ਨ ਦੇ ਸੁਣਵਾਈ ਯੋਗ ਹੋਣ ਬਾਰੇ ਵੀ ਦਲੀਲਾਂ ਸੁਣੀਆਂ। ਸੁਣਵਾਈ ਦੌਰਾਨ ਅਦਾਲਤ ਨੇ ਕਿਹਾ ਕਿ ਇਸ ਪੜਾਅ 'ਤੇ ਕੋਈ ਅੰਤ੍ਰਿਮ ਨਿਰਦੇਸ਼ ਪਾਸ ਨਹੀਂ ਕੀਤਾ ਜਾ ਸਕਦਾ ਕਿਉਂਕਿ ਅਸਥਾਈ ਰਿਹਾਈ ਦੀ ਇਜਾਜ਼ਤ ਦੇਣਾ ਅਸਲ 'ਚ ਰਿੱਟ ਪਟੀਸ਼ਨ 'ਚ ਮੰਗੀ ਗਈ ਅੰਤਿਮ ਰਾਹਤ ਦੇਣ ਦੇ ਬਰਾਬਰ ਹੋਵੇਗਾ।

ਸਪੀਕਰ ਵਲੋਂ 9 ਫ਼ਰਵਰੀ ਦੀ ਤਾਰੀਖ਼ ਵਾਲਾ ਇੱਕ ਪੱਤਰ, ਜੋ ਅੰਮ੍ਰਿਤਪਾਲ ਸਿੰਘ ਨੂੰ ਸੰਬੋਧਿਤ ਸੀ, (ਬਾਕੀ ਸਫ਼ਾ 10 'ਤੇ)

Sikhs for Justice ਨੂੰ Canada ਵਲੋਂ ਅਤਿਵਾਦੀ ਗਰੁੱਪ ਐਲਾਨਣ ਦਾ ਦਾਅਵਾ ਝੂਠਾ

ਕੰਵਲਜੀਤ ਕੌਰ ਬੈਂਸ

ਮਿਸੀਸਾਗਾ: ਸੋਸ਼ਲ ਮੀਡੀਆ 'ਤੇ ਕੁੱਝ ਅਜਿਹੀਆਂ ਖ਼ਬਰਾਂ ਘੁੰਮ ਰਹੀਆਂ ਹਨ ਕਿ ਕੈਨੇਡਾ ਨੇ Sikhs for Justice ਨੂੰ ਅਤਿਵਾਦੀ ਸੰਗਠਨ ਘੋਸ਼ਿਤ ਕਰ ਦਿੱਤਾ ਹੈ। Ajit Weekly ਦੀ ਤਹਿਕੀਕਾਤ 'ਚ ਇਹ ਦਾਅਵਾ ਝੂਠਾ ਪਾਇਆ ਗਿਆ ਹੈ। ਕੈਨੇਡੀਅਨ ਸਰਕਾਰ ਦੁਆਰਾ ਕੀਤੇ ਗਏ ਅਧਿਕਾਰਿਕ ਐਲਾਨ 'ਚ Sikhs for Justice ਦਾ ਬਿਲਕੁਲ ਵੀ ਜ਼ਿਕਰ ਨਹੀਂ। ਇਹ ਦਾਅਵਾ ਦੇਸੀ ਮੋਨਾਰਕ ਨਾਮ ਦੇ ਇੱਕ X ਯੂਜ਼ਰ ਦੁਆਰਾ ਕੀਤੇ ਜਾਣ ਤੋਂ ਬਾਅਦ ਫ਼ੈਲਣਾ ਸ਼ੁਰੂ ਹੋਇਆ, "ਕੈਨੇਡੀਅਨ ਸਰਕਾਰ ਨੇ ਖ਼ਾਲਿਸਤਾਨੀ ਪੰਨੂ ਦੇ Sikhs for Justice ਸਮੂਹ ਨੂੰ ਇੱਕ ਅਤਿਵਾਦੀ ਸੰਗਠਨ ਵਜੋਂ ਨਾਮਜ਼ਦ ਕਰ ਦਿੱਤਾ ਹੈ। ਇਹ ਐਲਾਨ ਭਾਰਤੀ ਕੂਟਨੀਤੀ ਅਤੇ ਵਿਦੇਸ਼ ਮਾਮਲਿਆਂ ਲਈ ਇੱਕ ਵੱਡੀ ਜਿੱਤ ਮੰਨਿਆ ਜਾ ਰਿਹਾ ਹੈ।"

ਪੋਸਟ 'ਚ 10 ਦਸੰਬਰ 2025 ਨੂੰ Canadian ਸਰਕਾਰ ਦੁਆਰਾ ਜਾਰੀ ਕੀਤੇ ਗਏ ਇੱਕ ਅਧਿਕਾਰਿਕ ਬਿਆਨ ਦਾ ਸਕ੍ਰੀਨਸ਼ੌਟ ਸ਼ਾਮਿਲ ਸੀ ਜਿਸ 'ਚ ਕਿਹਾ ਗਿਆ ਸੀ, "ਅੱਜ, ਮਾਨਯੋਗ ਗੈਰੀ ਆਨੰਦਸੰਗਾਰੀ, ਜਨਤਕ ਸੁਰੱਖਿਆ ਮੰਤਰੀ, ਨੇ ਹੇਠ ਲਿਖੇ ਸਮੂਹਾਂ ਨੂੰ ਅਤਿਵਾਦੀ ਸੰਗਠਨਾਂ ਦੀ ਸੂਚੀ 'ਚ ਜੋੜਨ ਦਾ ਐਲਾਨ ਕੀਤਾ ਹੈ: 764, ਮੈਨੀਐਕ ਮਰਡਰ ਕਲਟ, ਸਿਖਸ ਫ਼ੌਰ ਜਸਟਿਸ ਕੈਨੇਡਾ, ਅਤੇ ਇਸਲਾਮਿਕ ਸਟੇਟ ਔਫ਼ ਇਰਾਕ ਐਂਡ ਸੀਰੀਆ (ਭਾਵ ISIS ਜਿਸ ਨੂੰ Daesh ਵੀ ਕਿਹਾ ਜਾਂਦਾ ਹੈ) ਨਾਲ ਸਬੰਧਤ ਇਸਲਾਮਿਕ ਸਟੇਟ-ਮੌਜ਼ਮਬੀਕ।"

ਇੱਕ ਹੋਰ ਯੂਜ਼ਰ ਭਰਤ ਸਿੰਘ ਨੇ ਵੀ ਇੱਕ ਸਕ੍ਰੀਨਸ਼ੌਟ ਸਾਂਝਾ ਕੀਤਾ, "ਸਿਖਸ ਫ਼ਾਰ ਜਸਟਿਸ ਹੁਣ ਕੈਨੇਡਾ 'ਚ ਇੱਕ ਅਤਿਵਾਦੀ ਸੰਗਠਨ ਹੈ। ਭਾਰਤ ਲਈ ਇੱਕ ਵੱਡੀ ਜਿੱਤ।" ਇਹਨਾਂ ਸੁਨੇਹਿਆਂ ਨੇ ਜਲਦੀ ਹੀ ਔਨਲਾਈਨ ਯੂਜ਼ਰਜ਼ ਦਾ ਧਿਆਨ ਆਪਣੇ ਵੱਲ ਖਿੱਚਿਆ। ਹਾਲਾਂਕਿ, ਕੈਨੇਡਾ



ਸਰਕਾਰ ਦੇ ਅਸਲ ਬਿਆਨ 'ਚ Sikhs for Justice Canada ਦਾ ਨਾਮ ਸ਼ਾਮਿਲ ਸੀ ਹੀ ਨਹੀਂ। Canadian ਸਰਕਾਰ ਦਾ ਐਲਾਨ ਕੇਵਲ ਟੈਰਰਗ੍ਰਾਮ ਕੋਲੈਕਟਿਵ (Terrorgram Collective) ਨੂੰ ਉਨ੍ਹਾਂ ਤਿੰਨ ਹੋਰ ਸਮੂਹਾਂ ਦੇ ਨਾਲ ਸੂਚੀਬੱਧ ਕਰਦਾ ਹੈ ਜਿਨ੍ਹਾਂ ਨੂੰ ਅਪਰਾਧਕ ਕੋਡ ਦੀ ਅਤਿਵਾਦੀ ਸੰਸਥਾਵਾਂ ਦੀ ਸੂਚੀ 'ਚ ਸ਼ਾਮਿਲ ਕੀਤਾ ਗਿਆ ਹੈ।

ਨਾਮਜ਼ਦ ਸੰਗਠਨਾਂ 'ਚ 764, ਮੈਨੀਐਕ ਮਰਡਰ ਕਲਟ, ਟੈਰਰਗ੍ਰਾਮ ਕੋਲੈਕਟਿਵ, ਅਤੇ ਇਸਲਾਮਿਕ ਸਟੇਟ-ਮੋਜ਼ਾਮਬੀਕ ਸ਼ਾਮਿਲ ਹਨ। ਦਾਅਵਿਆਂ ਦੇ ਉਲਟ, ਅਧਿਕਾਰਿਕ ਬਿਆਨ 'ਚ ਸਿਖਸ ਫ਼ਾਰ ਜਸਟਿਸ ਕੈਨੇਡਾ ਦਾ ਜ਼ਿਕਰ ਨਹੀਂ। (ਬਾਕੀ ਸਫ਼ਾ 10 'ਤੇ)

Canada 'ਚ ਵਧਦੇ ਅਪਰਾਧਾਂ ਦਰਮਿਆਨ Surrey Police ਦੀ ਪੰਜਾਬੀ 'ਚ ਅਪੀਲ

ਸਰੀ: ਕੈਨੇਡਾ 'ਚ ਲਗਾਤਾਰ ਵਾਪਰ ਰਹੀਆਂ ਹਿੰਸਕ ਘਟਨਾਵਾਂ ਤੇ ਵਾਰਦਾਤਾਂ 'ਚ ਪੰਜਾਬੀ ਨੌਜਵਾਨਾਂ ਦਾ ਨਾਂ ਸਾਹਮਣੇ ਆਉਣ ਦੇ ਸਿਲਸਿਲੇ ਦੌਰਾਨ ਸਰੀ ਪੁਲੀਸ ਨੇ ਇੱਕ ਵੀਡੀਓ ਸਾਂਝੀ ਕੀਤੀ ਹੈ। ਇਸ ਵੀਡੀਓ 'ਚ ਸਰੀ ਪੁਲੀਸ ਦੇ ਕਾਂਸਟੇਬਲ ਅਮਿਤਜਿਓਤ ਮਾਨ ਨੇ ਪੰਜਾਬੀ ਭਾਸ਼ਾ 'ਚ ਨੌਜਵਾਨਾਂ ਨੂੰ ਇੱਕ ਖ਼ਾਸ ਅਪੀਲ ਕੀਤੀ ਹੈ ਕਿ ਉਹ ਇੱਥੇ ਆਪਣਾ ਭਵਿੱਖ ਬਣਾਉਣ ਲਈ ਆਏ ਹਨ, ਅਤੇ ਸੌਖਿਆਂ ਥੋੜ੍ਹਾ ਪੈਸੇ ਬਣਾਉਣ ਦੇ ਲਾਲਚ 'ਚ ਆ ਕੇ ਅਜਿਹੇ ਮਾੜੇ ਕੰਮ ਨਾ ਕਰਨ।

ਉਨ੍ਹਾਂ ਨੇ ਖ਼ਾਸ ਤੌਰ 'ਤੇ ਨੌਜਵਾਨਾਂ ਅਤੇ ਨਵੇਂ ਆਏ ਪਰਵਾਸੀਆਂ ਨੂੰ ਅਪਰਾਧਕ ਗਤੀਵਿਧੀਆਂ ਜਿਵੇਂ ਪੈਸੇ ਦੀ ਜਬਰਨ ਵਸੂਲੀ ਲਈ ਕਿਸੇ ਦੇ ਘਰ ਜਾਂ ਕਾਰੋਬਾਰ 'ਤੇ ਗੋਲੀਆਂ ਚਲਾਉਣ ਜਾਂ ਧਮਕੀਆਂ ਭਰੇ ਸੁਨੇਹੇ ਮੈਸੇਜ ਭੇਜਣ ਵਰਗੇ ਜਾਲ 'ਚ ਨਾ



ਫ਼ਸਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਪੁਲੀਸ ਵਲੋਂ ਚਿਤਾਵਨੀ ਵੀ ਦਿੱਤੀ ਕਿ ਨੌਜਵਾਨਾਂ ਨੂੰ ਥੋੜ੍ਹੇ ਜਿਹੇ ਪੈਸਿਆਂ ਦੇ ਬਦਲੇ ਬਹੁਤ ਵੱਡਾ ਖ਼ਤਰਾ ਮੁੱਲ ਲੈਣ ਲਈ ਕਿਹਾ ਜਾ ਰਿਹਾ ਹੈ ਜੋ ਨਾ ਸਿਰਫ਼ ਆਮ ਲੋਕਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ ਸਗੋਂ ਅਪਰਾਧ ਕਰਨ ਵਾਲੇ ਲਈ ਜੇਲ੍ਹ ਜਾਣ ਅਤੇ ਕੈਨੇਡਾ ਤੋਂ ਕੱਢੇ ਜਾਣ ਤਕ ਦਾ ਕਾਰਨ ਵੀ ਬਣ ਸਕਦਾ ਹੈ।

ਪੁਲੀਸ ਅਨੁਸਾਰ ਪਰਵਾਸੀ ਪੰਜਾਬੀ Canada 'ਚ ਬਿਹਤਰ ਜ਼ਿੰਦਗੀ ਅਤੇ ਪੜ੍ਹਾਈ ਲਈ ਆਏ ਹਨ, ਗੈਂਗਸਟਰ ਬਣਨ ਜਾਂ ਵਾਰਦਾਤਾਂ ਕਰਨ ਲਈ ਨਹੀਂ। ਅਪਰਾਧਕ ਕੰਮਾਂ 'ਚ ਸ਼ਾਮਿਲ ਹੋਣਾ ਉਨ੍ਹਾਂ ਦੇ ਪਰਿਵਾਰਾਂ ਅਤੇ ਸਪੌਂਸਰਾਂ ਲਈ ਵੱਡੀ ਬੇਇੱਜ਼ਤੀ ਅਤੇ ਨਿਰਾਸ਼ਾ ਦਾ ਸਬੱਬ ਬਣਦਾ ਹੈ ਜਿਨ੍ਹਾਂ ਨੇ ਉਨ੍ਹਾਂ ਦੇ ਸੁਪਨਿਆਂ ਲਈ ਕੁਰਬਾਨੀਆਂ ਕੀਤੀਆਂ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਸਰੀ 'ਚ ਐਕਸਟੌਰਸ਼ਨ ਕਾਲਾਂ (Extortion Calls) ਨੂੰ ਰੋਕਣ 'ਚ ਮਦਦ ਕਰਨ ਵਾਲੀ ਜਾਣਕਾਰੀ ਸਾਂਝੀ ਕਰਨ ਲਈ (ਬਾਕੀ ਸਫ਼ਾ 10 'ਤੇ)

Lunar New Year 'ਤੇ ਚੀਨ 'ਚ 9.5 ਅਰਬ ਲੋਕ ਕਰਨਗੇ ਸਫ਼ਰ

ਬੀਜਿੰਗ: ਚੀਨ 'ਚ ਲੂਨਰ ਨਿਊ ਈਅਰ (Lunar New Year), ਜੋ ਕਿ ਚੀਨੀ ਨਵਾਂ ਸਾਲ ਹੈ, ਤੋਂ ਪਹਿਲਾਂ ਦੁਨੀਆਂ ਦੀ ਸਭ ਤੋਂ ਵੱਡੀ ਮਨੁੱਖੀ ਹਿਜਰਤ ਸ਼ੁਰੂ ਹੋ ਚੁੱਕੀ ਹੈ। ਇਸ ਸਾਲ ਲੋਕ ਆਪਣੇ ਪਰਿਵਾਰਾਂ ਨੂੰ ਮਿਲਣ ਲਈ ਇੰਨੀ ਵੱਡੀ ਗਿਣਤੀ 'ਚ ਘਰਾਂ ਨੂੰ ਪਰਤ ਰਹੇ ਹਨ ਕਿ ਯਾਤਰਾ ਦੇ ਸਾਰੇ ਪਿਛਲੇ ਰਿਕਾਰਡ ਟੁੱਟਣ ਦੀ ਉਮੀਦ ਹੈ। ਚੀਨ 'ਚ ਯਾਤਰਾ ਦੇ ਇਸ ਦੌਰ ਨੂੰ ਚੁਨਯੁਨ ਕਿਹਾ ਜਾਂਦਾ ਹੈ।

40 ਦਿਨਾਂ 'ਚ 9.5 ਅਰਬ ਯਾਤਰਾਵਾਂ: ਚੀਨ ਸਰਕਾਰ ਦੇ ਅਨੁਮਾਨ ਅਨੁਸਾਰ ਲੂਨਰ ਨਿਊ ਈਅਰ ਦੇ ਆਲੇ-ਦੁਆਲੇ 40 ਦਿਨਾਂ ਦੇ ਸਮੇਂ ਦੌਰਾਨ ਲਗਭਗ 9.5 ਅਰਬ ਯਾਤਰਾਵਾਂ ਹੋਣਗੀਆਂ। ਇਹ ਹੁਣ ਤਕ ਦਾ ਸਭ ਤੋਂ ਵੱਡਾ ਰਿਕਾਰਡ ਹੈ। ਅੰਕੜਿਆਂ ਮੁਤਾਬਿਕ ਲਗਭਗ 54 ਕਰੋੜ ਲੋਕ ਰੇਲ ਗੱਡੀ ਰਾਹੀਂ ਸਫ਼ਰ ਕਰਨਗੇ। 9.5 ਕਰੋੜ ਲੋਕ ਹਵਾਈ ਜਹਾਜ਼ ਰਾਹੀਂ ਆਪਣੇ ਟਿਕਾਣਿਆਂ 'ਤੇ ਪਹੁੰਚਣਗੇ, ਅਤੇ ਬਾਕੀ ਬਚੇ ਲੋਕ ਸੜਕੀ ਰਸਤਿਆਂ ਰਾਹੀਂ ਯਾਤਰਾ ਕਰਨਗੇ।

ਆਰਥਿਕ ਤੰਗੀ 'ਤੇ ਭਾਰੀ ਪਿਆ ਪਰਿਵਾਰਕ ਮੋਹ: ਚੀਨ ਦੀ ਕਮਜ਼ੋਰ ਹੁੰਦੀ ਆਰਥਿਕਤਾ ਅਤੇ ਮਹਿੰਗਾਈ ਦੇ ਬਾਵਜੂਦ ਲੋਕਾਂ ਦੇ ਉਤਸ਼ਾਹ 'ਚ ਕੋਈ ਕਮੀ ਨਹੀਂ ਦਿਖ ਰਹੀ। ਬੀਜਿੰਗ 'ਚ ਕੰਮ ਕਰਨ ਵਾਲੇ ਲਿਊ ਝੀਕਵਾਨ ਵਰਗੇ ਕਈ ਮਜ਼ਦੂਰ ਪੈਸੇ ਬਚਾਉਣ ਲਈ ਨੌਂ ਘੰਟੇ ਦੀ ਹਾਈ-ਸਪੀਡ ਟ੍ਰੇਨ ਦੀ ਬਜਾਏ 30 ਘੰਟੇ ਦੀ ਹੌਲੀ ਟ੍ਰੇਨ ਦੀ ਚੋਣ ਕਰ ਰਹੇ ਹਨ ਕਿਉਂਕਿ ਉਸ ਦਾ ਕਿਰਾਇਆ ਅੱਧਾ ਹੈ। ਲੋਕਾਂ ਦਾ ਕਹਿਣਾ ਹੈ ਕਿ ਭਾਵੇਂ ਪੈਸੇ ਕਮਾਉਣਾ ਮੁਸ਼ਕਿਲ ਹੋ ਗਿਆ ਹੈ, ਪਰ ਸਾਲ 'ਚ ਇੱਕ ਵਾਰ ਪਰਿਵਾਰ ਨਾਲ ਮਿਲਣਾ ਸਭ ਤੋਂ ਜ਼ਰੂਰੀ ਹੈ। ਚੀਨ 'ਚ ਲੋਕ ਸਾਰਾ ਸਾਲ ਸਖ਼ਤ ਮਿਹਨਤ ਕਰਦੇ ਹਨ, ਅਤੇ ਉਨ੍ਹਾਂ ਨੂੰ ਛੁੱਟੀਆਂ ਬਹੁਤ ਘੱਟ ਮਿਲਦੀਆਂ ਹਨ। ਅਜਿਹੇ 'ਚ Lunar New Year ਹੀ ਇੱਕ ਅਜਿਹਾ ਮੌਕਾ ਹੁੰਦਾ ਹੈ ਜਦੋਂ ਮਜ਼ਦੂਰ, ਮੁਲਾਜ਼ਮ ਅਤੇ ਵਿਦਿਆਰਥੀ ਲੰਬੀਆਂ ਛੁੱਟੀਆਂ ਲੈ ਕੇ ਆਪਣੇ ਪਿੰਡਾਂ ਜਾਂ ਸ਼ਹਿਰਾਂ ਨੂੰ ਜਾਂਦੇ ਹਨ। ਬੀਜਿੰਗ ਦੇ ਰੇਲਵੇ ਸਟੇਸ਼ਨਾਂ 'ਤੇ ਭਾਰੀ ਭੀੜ ਦੇਖੀ ਜਾ ਰਹੀ ਹੈ ਜਿੱਥੇ ਯਾਤਰੀ ਵੱਡੇ-ਵੱਡੇ ਬੈਗ ਲੈ ਕੇ ਆਪਣੀਆਂ ਟ੍ਰੇਨਾਂ ਦਾ ਇੰਤਜ਼ਾਰ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਵਾਰ Lunar New Year 17 ਫ਼ਰਵਰੀ ਨੂੰ ਮਨਾਇਆ ਜਾਵੇਗਾ ਜਿਸ ਲਈ ਪੂਰੇ ਚੀਨ 'ਚ ਜਸ਼ਨ ਅਤੇ ਯਾਤਰਾਵਾਂ ਦਾ ਮਾਹੌਲ ਬਣਿਆ ਹੋਇਆ ਹੈ।

APRA MONEY EXCHANGE INVESTMENT LENDING INC.
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ
1st or 2nd Mortgages
Jagtar Dhah 416-731-7710
Gurjit Dhah 647-267-3424 Lic # 15000974
6 Rae Avenue, Brampton Bus: 905-794-3233

Spring Meadows Dental Clinic
Free Dental Care & Dentures With Canadian Dental Care Plan
Services:- Dentures, Implants, One Visit RCT, Denture Repair Same Day, Wisdom Tooth Surgery, Braces & Invisalign
PR & Work-Permit ਵਾਲੇ ਵੀ CDCP ਲਈ Eligible
Insurance Coverage Accepted
Direct Billing to Insurance Companies
ਨਵਾਂ Patient Exam & Teeth Cleaning ਕਰਾਉਣ 'ਤੇ Teeth Whitening or Electric Tooth Brush FREE
Some conditions apply
905-458-3344
50 Sunny Meadow Blvd. Unit 112, Brampton
Weekend, Evening Appointment & Same Day Emergencies Available
www.springmeadowsdental.com

PROTECT YOUR HOME FROM PESTS
Residential/Commercial/Industrial
Low Cost Pest Control Service
100% Success rate for Bed Bug Treatment
BED BUG MATTRESS COVER ALSO AVAILABLE
FREE HOME INSPECTION CALL TODAY
(RELY ON US, WE RELY ON EXPERIENCE)
Ranjit Sidhu Certified Exterminator
Ministry of the Environment Ontario
A TO Z PEST CONTROL INC.
www.atozpestcontroltoronto.com atozpestcontrol.rs@gmail.com
Cell: 647-668-3944 off: 905-455-0648

BANI CREATIONS
Latest Design Boutique
Style Hand Work
Sharara & Salwar Suit Available
ਸਾਡੇ ਕੋਲ ਲੇਡੀ ਟੇਲਰ ਵੀ ਹੈ
By Appointment only
RAJBEER 647-829-2454
7015 Tranmere Dr. Unit 1, Missisauga

HOMELIFE HIGHER STANDARDS
HOMELIFE SILVERCITY REALTY INC., BROKERAGE
EACH OFFICE IS INDEPENDENTLY OWNED & OPERATED
ਘਰ ਖ਼ਰੀਦੋ ਜਾਂ ਵੇਚੋ
Trust Us For All Your Real Estate Needs
11775 Bramalea Rd., Suite 201, Brampton
905.913.8500
SHAMA CHEEMA
SALES REPRESENTATIVE
647-891-7462
shamadhillon@yahoo.ca
NEETA B. JOHAR
(Over 25 Yrs Experience)
BROKER, 416-844-8447
neetajohar@rogers.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫ਼ਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
7015-Tranmere Dr. Unit20, Mississauga, ON. L5S 1T7 Canada